Ontario

ਨਿਊਜ਼ ਰਿਲੀਜ਼

Ministry of Finance

ਓਨਟੈਰੀਓ ਦੀ ਰੱਖਿਆ ਲਈ ਇੱਕ ਯੋਜਨਾ

ਓਨਟੈਰੀਓ ਦੀ 2026 ਦੀ ਪਤਝੜ ਵਾਸਤੇ ਆਰਥਿਕ ਸਟੇਟਮੈਂਟ ਕਾਮਿਆਂ ਦੀ ਰੱਖਿਆ ਕਰਨਾ, ਮੁੱਖ ਉਦਯੋਗਾਂ ਨੂੰ ਮਜ਼ਬੂਤ ਕਰਨਾ ਅਤੇ ਭਵਿੱਖ ਦੀਆਂ ਚੰਗੀਆਂ ਤਨਖਾਹਾਂ ਵਾਲੀਆਂ ਨੌਕਰੀਆਂ ਨੂੰ ਸੁਰੱਖਿਅਤ ਕਰਨਾ ਜਾਰੀ ਰੱਖ ਰਹੀ ਹੈ

ਖ਼ਬਰ

ਅਕਤੂਬਰ 29, 2026

ਟੋਰਾਂਟੋ — ਅੱਜ, ਵਿੱਤ ਮੰਤਰੀ Peter Bethlenfalvy ਨੇ *"2026 ਓਨਟੈਰੀਓ ਆਰਥਿਕ ਦ੍ਰਿਸ਼ਟੀਕੋਣ ਅਤੇ ਵਿੱਤੀ ਸਮੀਖਿਆ: ਓਨਟੈਰੀਓ ਦੀ ਰੱਖਿਆ ਕਰਨ ਲਈ ਇੱਕ ਯੋਜਨਾ* ਜਾਰੀ ਕੀਤੀ, ਜੋ ਕਿ G7 ਵਿੱਚ ਸਭ ਤੋਂ ਵੱਧ ਪ੍ਰਤੀਯੋਗੀ, ਦ੍ਰਿੜ੍ਹ ਅਤੇ ਸਵੈ-ਨਿਰਭਰ ਅਰਥ-ਵਿਵਸਥਾ ਦਾ ਨਿਰਮਾਣ ਕਰਦੇ ਹੋਏ ਓਨਟੈਰੀਓ ਦੇ ਕਰਮਚਾਰੀਆਂ, ਕਾਰੋਬਾਰੀਆਂ ਅਤੇ ਭਾਈਚਾਰਿਆਂ ਦੀ ਰੱਖਿਆ ਕਰਨ ਦੀ ਸਰਕਾਰ ਦੀ ਯੋਜਨਾ ਨੂੰ ਅੱਗੇ ਵਧਾਉਂਦੀ ਹੈ। ਸਰਕਾਰ ਮੁੱਖ ਟੈਰਿਫ਼-ਪ੍ਰਭਾਵਿਤ ਉਦਯੋਗਾਂ ਨੂੰ ਮਜ਼ਬੂਤ ਕਰਨ ਲਈ ਨਿਵੇਸ਼ ਕਰ ਰਹੀ ਹੈ ਅਤੇ ਨਾਲ ਹੀ ਓਨਟੈਰੀਓ ਦੀ ਮੁਕਾਬਲੇਬਾਜ਼ੀ ਵਿੱਚ ਸੁਧਾਰ ਕਰ ਰਹੀ ਹੈ ਤਾਂ ਜੋ ਉੱਨਤ ਨਿਰਮਾਣ, ਅਤੀ ਮਹੱਤਵਪੂਰਨ ਖਣਿਜਾਂ ਦੀ ਖੁਦਾਈ ਅਤੇ ਸੁਧਾਈ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੱਖਿਆ ਖੇਤਰ (defence) ਅਤੇ ਹੋਰ ਬਹੁਤ ਸਾਰੇ ਰਣਨੀਤਕ ਖੇਤਰਾਂ ਵਿੱਚ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਨੂੰ ਆਕਰਸ਼ਿਤ ਕੀਤਾ ਜਾ ਸਕੇ।

ਓਨਟੈਰੀਓ ਦੇ ਕਾਮੇ, ਪਰਿਵਾਰ ਅਤੇ ਕਾਰੋਬਾਰੀ ਅਮਰੀਕਾ ਦੀਆਂ ਚੱਲ ਰਹੀਆਂ ਵਪਾਰਕ ਕਾਰਵਾਈਆਂ, ਭੂ-ਰਾਜਨੀਤਿਕ ਅਸਥਿਰਤਾ ਅਤੇ ਵਿਆਪਕ ਵਿਸ਼ਵਵਿਆਪੀ ਆਰਥਿਕ ਅਨਿਸ਼ਚਿਤਤਾ ਕਾਰਨ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਇਹਨਾਂ ਚੁਣੌਤੀਆਂ ਦੇ ਬਾਵਜੂਦ, ਓਨਟੈਰੀਓ ਦੀ ਵਿੱਤੀ ਯੋਜਨਾ ਬਦਲਦੀਆਂ ਸਥਿਤੀਆਂ ਦਾ ਜਵਾਬ ਦੇਣ ਲਈ ਲਚਕਤਾ ਬਣਾਈ ਰੱਖ ਰਹੀ ਹੈ, ਅਤੇ ਇਸਦੇ ਨਾਲ-ਨਾਲ ਪਰਿਵਾਰਾਂ ਅਤੇ ਭਾਈਚਾਰਿਆਂ ਲਈ ਸਭ ਤੋਂ ਵੱਧ ਮਹੱਤਵਪੂਰਨ ਤਰਜੀਹਾਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖ ਰਹੀ ਹੈ। ਇਹਨਾਂ ਬਾਹਰੀ ਕਾਰਕਾਂ ਦੇ ਮੱਦੇ ਨਜ਼ਰ, *2026 ਓਨਟੈਰੀਓ ਆਰਥਿਕ ਅਤੇ ਵਿੱਤੀ ਸਮੀਖਿਆ* ਵਿੱਚ ਪੇਸ਼ ਕੀਤਾ ਗਿਆ ਓਨਟੈਰੀਓ ਦਾ ਵਿੱਤੀ ਦ੍ਰਿਸ਼ਟੀਕੋਣ, 2029-30 ਵਿੱਚ ਇੱਕ ਸੰਤੁਲਿਤ ਬਜਟ ਲਈ ਇੱਕ ਰਸਤਾ ਪੇਸ਼ ਕਰਦਾ ਹੈ।

"ਕੈਨੇਡਾ ਉੱਤੇ ਲੱਗੇ ਅਮਰੀਕੀ ਟੈਰਿਫ਼ਾਂ ਕਾਰਨ ਓਨਟੈਰੀਓ ਨੂੰ ਮਹੱਤਵਪੂਰਨ ਆਰਥਿਕ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਭਵਿੱਖ ਲਈ ਇੱਕ ਮਜ਼ਬੂਤ ਅਰਥਵਿਵਸਥਾ ਬਣਾਉਂਦੇ ਹੋਏ ਸਾਡੀ ਸਰਕਾਰ ਕੋਲ ਕਾਮਿਆਂ, ਕਾਰੋਬਾਰੀਆਂ ਅਤੇ ਭਾਈਚਾਰਿਆਂ ਦੀ ਰੱਖਿਆ ਕਰਨ ਦੀ ਯੋਜਨਾ ਹੈ," ਮੰਤਰੀ Bethlenfalvy ਨੇ ਕਿਹਾ। "ਜ਼ਿੰਮੇਵਾਰ ਵਿੱਤੀ ਪ੍ਰਬੰਧਨ ਰਾਹੀਂ ਅਸੀਂ ਮੁੱਖ ਸੂਬਾਈ ਉਦਯੋਗਾਂ ਨੂੰ ਮਜ਼ਬੂਤ ਕਰ ਰਹੇ ਹਾਂ ਕਿਉਂਕਿ ਅਸੀਂ ਭਵਿੱਖ ਦੀਆਂ ਨੌਕਰੀਆਂ ਨੂੰ ਆਕਰਸ਼ਿਤ ਕਰਦੇ ਹਾਂ, ਮੁੱਖ ਜਨਤਕ ਸੇਵਾਵਾਂ ਦੀ ਰੱਖਿਆ ਕਰ ਰਹੇ ਹਾਂ ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਸਾਡਾ ਸੂਬਾ ਵਧਦੀ ਅਨਿਸ਼ਚਿਤ ਵਿਸ਼ਵ ਆਰਥਿਕਤਾ ਵਿੱਚ ਪ੍ਰਤੀਯੋਗੀ ਬਣਿਆ ਰਹੇ।"

ਜ਼ਿੰਮੇਵਾਰ ਵਿੱਤੀ ਪ੍ਰਬੰਧਨ ਅਤੇ ਸੇਧਿਤ ਨਿਵੇਸ਼ਾਂ ਰਾਹੀਂ, ਓਨਟੈਰੀਓ ਘਰੇਲੂ ਆਰਥਿਕ ਮੌਕਿਆਂ ਨੂੰ ਮਜ਼ਬੂਤ ਕਰ ਰਿਹਾ ਹੈ, ਅੰਦਰੂਨੀ ਵਪਾਰਕ ਰੁਕਾਵਟਾਂ ਨੂੰ ਘਟਾ ਰਿਹਾ ਹੈ, ਕਾਮਿਆਂ ਅਤੇ ਨੌਕਰੀਆਂ ਪੈਦਾ ਕਰਨ ਵਾਲਿਆਂ ਦਾ ਸਮਰਥਨ ਕਰ ਰਿਹਾ ਹੈ, ਸਾਡੀ $210 ਬਿਲੀਅਨ ਪੂੰਜੀ ਯੋਜਨਾ ਰਾਹੀਂ ਮਹੱਤਵਪੂਰਨ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰ ਰਿਹਾ ਹੈ, ਅਤੇ ਵਿਕਸਤ ਹੋ ਰਹੀਆਂ ਆਰਥਿਕ ਚੁਣੌਤੀਆਂ ਦਾ ਜਵਾਬ ਦੇਣ ਲਈ ਲੋੜੀਂਦੀ ਲਚਕਤਾ ਨੂੰ ਬਣਾਈ ਰੱਖ ਰਿਹਾ ਹੈ। ਸਰਕਾਰ ਦੀ ਵਿੱਤੀ ਯੋਜਨਾ ਓਨਟੈਰੀਓ ਦੀ ਆਰਥਿਕਤਾ ਦੇ ਲੰਬੇ ਸਮੇਂ ਦੇ ਵਿਕਾਸ ਅਤੇ ਮੁਕਾਬਲੇਬਾਜ਼ੀ ਦਾ ਸਮਰਥਨ ਕਰਦੇ ਹੋਏ ਇੱਕ ਟਿਕਾਊ ਅੱਗੇ ਵਧਣ ਦੇ ਰਸਤੇ ਨੂੰ ਬਣਾਈ ਰੱਖ ਰਹੀ ਹੈ।

2026 ਦੀ ਪੱਤਝੜ ਵਾਸਤੇ ਆਰਥਿਕ ਸਟੇਟਮੈਂਟ ਦੀਆਂ ਝਲਕੀਆਂ ਵਿੱਚ ਸ਼ਾਮਲ ਹਨ:

- ਓਨਟੈਰੀਓ ਦੇ ਬਹੁ-ਸਾਲਾ ਟੈਕਸ ਐਕਸ਼ਨ ਪਲਾਨ ਦਾ ਹਿੱਸਾ, ਓਨਟੈਰੀਓ ਮੁਕਾਬਲੇਬਾਜ਼ੀ ਟੈਕਸ ਕਟੌਤੀ (Ontario Competitiveness Tax Cut) ਰਾਹੀਂ ਓਨਟੈਰੀਓ ਦੀ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਕਰਨਾ। ਇਹ ਉਪਾਅ ਸੂਬਾਈ ਟੈਕਸ ਰਾਹਤ ਦੇ ਰੂਪ ਵਿੱਚ $8 ਬਿਲੀਅਨ ਦੀ ਰਾਹਤ ਮੁਹੱਈਆ ਕਰਾਏਗਾ, ਜੋ ਕਿ ਸੰਘੀ ਤੌਰ 'ਤੇ ਐਲਾਨੀ ਗਈ ਉਤਪਾਦਕਤਾ ਮੈਗਾ ਕਟੌਤੀ (Productivity Mega Deduction) ਦਾ ਸੂਬਾਈ ਹਿੱਸਾ ਹੈ, ਜੋ ਕਾਰੋਬਾਰੀਆਂ ਨੂੰ ਸਥਾਈ ਤੌਰ 'ਤੇ ਵੱਖ-ਵੱਖ ਸੰਪਤੀਆਂ ਦੇ ਮੁੱਲ ਦੇ 100 ਪ੍ਰਤੀਸ਼ਤ ਨੂੰ ਤੁਰੰਤ ਵੱਟੇ-ਖਾਤੇ ਪਾਉਣ (write off) ਦੇ ਯੋਗ ਬਣਾਕੇ ਵਪਾਰਕ ਨਿਵੇਸ਼ ਦੀ ਲਾਗਤ ਨੂੰ ਘਟਾਏਗਾ। ਸੰਘੀ ਕਾਨੂੰਨ ਪਾਸ ਹੋਣ ਤੋਂ ਬਾਅਦ, ਇਸ ਉਪਾਅ ਨਾਲ ਸੂਬੇ ਵਿੱਚ ਘੱਟੋ-ਘੱਟ $11 ਬਿਲੀਅਨ ਦਾ ਵਾਧੂ ਪੂੰਜੀ ਨਿਵੇਸ਼ ਆਕਰਸ਼ਿਤ ਹੋਣ ਦਾ ਅਨੁਮਾਨ ਹੈ, ਜਿਸ ਨਾਲ 30,000 ਨਵੀਆਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਕੁੱਲ ਘਰੇਲੂ ਉਤਪਾਦ (GDP) ਵਿੱਚ $6 ਬਿਲੀਅਨ ਦਾ ਵਾਧਾ ਹੋਵੇਗਾ। *2026 ਦੇ ਬਜਟ* ਵਿੱਚ ਸ਼ਾਮਲ ਵੱਟੇ-ਖਾਤੇ ਪਾਉਣ ਦੇ ਤੇਜ਼ ਕੀਤੇ ਉਪਾਵਾਂ ਦੇ ਨਾਲ, ਇਹ ਪੰਜ ਸਾਲਾਂ ਦੌਰਾਨ ਓਨਟੈਰੀਓ ਦੇ ਵਪਾਰਕ ਨਿਵੇਸ਼ ਦੇ ਸਮਰਥਨ ਵਿੱਚ ਕੁੱਲ ਟੈਕਸ ਰਾਹਤ $12 ਬਿਲੀਅਨ ਤੋਂ ਵੱਧ ਲੈ ਜਾਵੇਗਾ ।
- ਸੂਬੇ ਦੇ ਸਟੀਲ, ਆਟੋਮੋਟਿਵ ਅਤੇ ਮਹੱਤਵਪੂਰਨ ਖਣਿਜ ਖੇਤਰਾਂ ਨੂੰ ਮਜ਼ਬੂਤ ਕਰਨ ਲਈ $8.7 ਬਿਲੀਅਨ ਦੀ ਨਵੀਂ ਕੈਨੇਡਾ-ਓਨਟੈਰੀਓ ਕਾਰਵਾਈ ਯੋਜਨਾ ਰਾਹੀਂ ਓਨਟੈਰੀਓ ਦੇ ਉਦਯੋਗਿਕ ਅਧਾਰ ਨੂੰ ਮਜ਼ਬੂਤ ਕਰਨ ਅਤੇ ਨੌਕਰੀਆਂ ਅਤੇ ਨਿਵੇਸ਼ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਣਾ । ਇਹ ਯੋਜਨਾ ਅਮਰੀਕੀ ਟੈਰਿਫ਼ਾ ਤੋਂ ਪ੍ਰਭਾਵਿਤ ਕਾਮਿਆਂ ਅਤੇ ਕਾਰੋਬਾਰੀਆਂ ਦੀ ਰੱਖਿਆ ਕਰਨ, ਮੁੱਖ ਉਦਯੋਗਾਂ ਦੇ ਆਧੁਨਿਕੀਕਰਨ ਦਾ ਸਮਰਥਨ ਕਰਨ, ਅਤੀ ਮਹੱਤਵਪੂਰਨ ਖਣਿਜ ਵਿਕਾਸ ਨੂੰ ਅਨਲੌਕ ਕਰਨ ਅਤੇ ਓਨਟੈਰੀਓ ਨੂੰ ਭਵਿੱਖ ਦੇ ਉਦਯੋਗਾਂ ਵਿੱਚ ਮੁਕਾਬਲਾ ਕਰਨ ਲਈ ਤਿਆਰ ਕਰਨ ਵਿੱਚ ਮਦਦ ਕਰੇਗੀ, ਜਿਸ ਵਿੱਚ ਉੱਨਤ ਨਿਰਮਾਣ, ਰੱਖਿਆ ਖੇਤਰ, ਊਰਜਾ, ਇਲੈਕਟ੍ਰਿਕ ਵਾਹਨ ਅਤੇ ਰਣਨੀਤਕ ਬੁਨਿਆਦੀ ਢਾਂਚਾ ਸ਼ਾਮਲ ਹੈ। ਘਰੇਲੂ ਸਪਲਾਈ ਚੇਨਾਂ ਨੂੰ ਮਜ਼ਬੂਤ ਕਰਕੇ, ਬਾਜ਼ਾਰ ਦੇ ਮੌਕਿਆਂ ਦਾ ਵਿਸਥਾਰ ਕਰਕੇ ਅਤੇ ਵੱਡੇ ਨਿਵੇਸ਼ਾਂ ਦਾ ਸਮਰਥਨ ਕਰਕੇ, ਓਨਟੈਰੀਓ ਇੱਕ ਵਧੇਰੇ ਪ੍ਰਤੀਯੋਗੀ, ਦ੍ਰਿੜ੍ਹ ਅਤੇ ਸਵੈ-ਨਿਰਭਰ ਅਰਥਵਿਵਸਥਾ ਦਾ ਨਿਰਮਾਣ ਕਰ ਰਿਹਾ ਹੈ।

- ਰੈਗੂਲੇਟਰੀ ਬੋਝ ਘਟਾ ਕੇ ਅਤੇ ਕਾਰੋਬਾਰੀਆਂ ਲਈ ਪ੍ਰਵਾਨਗੀਆਂ ਨੂੰ ਤੇਜ਼ ਕਰਕੇ G7 ਵਿੱਚ ਸਭ ਤੋਂ ਵੱਧ ਪ੍ਰਤੀਯੋਗੀ ਅਰਥਵਿਵਸਥਾ ਬਣਾਉਣ ਲਈ ਲਾਲ ਫੀਤਾਸ਼ਾਹੀ ਨੂੰ ਖਤਮ ਕਰਨਾ। ਇਸ ਵਿੱਚ 375 ਕਾਰੋਬਾਰ-ਮੁਖੀ ਪਰਮਿਟਾਂ ਵਿੱਚੋਂ ਹਰੇਕ ਦੀ ਸਮੀਖਿਆ ਕਰਨ ਦੀ ਵਚਨਬੱਧਤਾ ਸ਼ਾਮਲ ਹੈ, ਜਿਸਦਾ ਟੀਚਾ 2028 ਦੇ ਅੰਤ ਤੱਕ 35-50 ਪ੍ਰਤੀਸ਼ਤ ਨੂੰ ਖਤਮ ਕਰਨਾ, ਸੁਚਾਰੂ ਬਣਾਉਣਾ ਜਾਂ ਰੁਪਾਂਤਰਣ ਕਰਨਾ ਹੈ। ਪਹਿਲੇ ਸਾਲ ਵਿੱਚ, ਸਰਕਾਰ ਨੇ 375 ਕਾਰੋਬਾਰ-ਮੁਖੀ ਪਰਮਿਟਾਂ ਵਿੱਚੋਂ 51 ਪ੍ਰਤੀਸ਼ਤ ਦੀ ਸਮੀਖਿਆ ਪਹਿਲਾਂ ਹੀ ਕਰ ਲਈ ਹੈ, ਜਿਸ ਵਿੱਚੋਂ ਇਸਨੇ ਸਮੀਖਿਆ ਕੀਤੇ ਗਏ 65 ਪ੍ਰਤੀਸ਼ਤ ਪਰਮਿਟਾਂ ਨੂੰ ਖਤਮ ਕਰ ਦਿੱਤਾ, ਸੁਚਾਰੂ ਬਣਾ ਦਿੱਤਾ ਜਾਂ ਬਦਲ ਦਿੱਤਾ ਹੈ। ਓਨਟੈਰੀਓ ਲਗਭਗ 220,000 ਦਿਨਾਂ ਦੇ ਪਰਮਿਟ ਪ੍ਰੋਸੈਸਿੰਗ ਸਮੇਂ ਨੂੰ ਵੀ ਖਤਮ ਕਰ ਰਿਹਾ ਹੈ, ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਸਪੁਰਦਗੀ ਨੂੰ ਤੇਜ਼ ਕਰ ਰਿਹਾ ਹੈ ਅਤੇ ਮਜ਼ਦੂਰਾਂ ਦੀ ਗਤੀਸ਼ੀਲਤਾ ਦਾ ਸਮਰਥਨ ਕਰ ਰਿਹਾ ਹੈ।
- ਅਪਰੈਲ 2025 ਤੋਂ ਕਾਮਿਆਂ ਅਤੇ ਕਾਰੋਬਾਰੀਆਂ ਲਈ ਲਗਭਗ $30 ਬਿਲੀਅਨ ਦੀ ਟੈਰਿਫ਼ ਰਾਹਤ ਅਤੇ ਸਹਾਇਤਾਵਾਂ ਦਾ ਐਲਾਨ ਕਰਕੇ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਵਿੱਚ ਲੰਬੇ ਸਮੇਂ ਦੀ ਆਰਥਿਕ ਦ੍ਰਿੜ੍ਹਤਾ ਅਤੇ ਖੁਸ਼ਹਾਲੀ ਦਾ ਨਿਰਮਾਣ ਕਰਨ ਦੇ ਉਪਾਅ ਸ਼ਾਮਲ ਹਨ। ਇਸ ਵਿੱਚ ਚੋਣਵੇਂ ਸੂਬਾਈ ਤੌਰ 'ਤੇ ਲਗਾਏ ਜਾਂਦੇ ਟੈਕਸਾਂ ਲਈ, 1 ਅਪਰੈਲ ਤੋਂ 1 ਅਕਤੂਬਰ, 2025 ਤੱਕ ਛੇ ਮਹੀਨਿਆਂ ਦੀ ਵਿਆਜ ਅਤੇ ਜੁਰਮਾਨਾ-ਮੁਕਤ ਮੁਲਤਵੀ ਮਿਆਦ ਸ਼ਾਮਲ ਹੈ, ਜਿਸ ਨਾਲ ਵਿੱਤੀ ਦਬਾਅ ਨੂੰ ਘੱਟ ਕਰਨ ਵਿੱਚ ਮਦਦ ਲਈ ਲਗਭਗ 80,000 ਕਾਰੋਬਾਰੀਆਂ ਨੂੰ $9 ਬਿਲੀਅਨ ਤੱਕ ਦੀ ਤਰਲਤਾ ਰਾਹਤ ਉਪਲਬਧ ਹੁੰਦੀ ਹੈ। ਸਰਕਾਰ ਨੇ ਓਨਟੈਰੀਓ ਟੂਗੈਦਰ ਟ੍ਰੇਡ ਫੰਡ (Ontario Together Trade Fund - OTTF) ਅਤੇ ਪ੍ਰੋਟੈਕਟ ਓਨਟੈਰੀਓ ਫਾਈਨੈਂਸਿੰਗ ਪ੍ਰੋਗਰਾਮ (Protect Ontario Financing Program - POFP) ਲਈ ਯੋਗਤਾ ਦਾ ਵਿਸਤਾਰ ਵੀ ਕੀਤਾ ਹੈ ਤਾਂ ਜੋ ਕਾਰੋਬਾਰੀਆਂ ਨੂੰ ਉਨ੍ਹਾਂ ਦੇ ਦਰਵਾਜ਼ੇ ਖੁੱਲ੍ਹੇ ਰੱਖਣ, ਕਰਮਚਾਰੀਆਂ ਨੂੰ ਕੰਮ 'ਤੇ ਰੱਖਣ ਅਤੇ ਉਨ੍ਹਾਂ ਦੀਆਂ ਸਪਲਾਈ ਚੇਨਾਂ ਨੂੰ ਮੁੜ ਚਾਲੂ ਕਰਨ ਲਈ ਮਹੱਤਵਪੂਰਨ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।
- ਓਨਟੈਰੀਓ ਰਿਸਰਚ ਐਂਡ ਡਿਵੈਲਪਮੈਂਟ ਟੈਕਸ ਕ੍ਰੈਡਿਟ (Ontario Research and Development Tax Credit) ਅਤੇ ਓਨਟੈਰੀਓ ਇਨੋਵੇਸ਼ਨ ਟੈਕਸ ਕ੍ਰੈਡਿਟ (Ontario Innovation Tax Credit) ਦੇ ਤਹਿਤ ਯੋਗ ਖਰਚਿਆਂ ਵਜੋਂ ਪੂੰਜੀ ਖਰਚਿਆਂ ਨੂੰ ਬਹਾਲ ਕਰਕੇ ਹਾਲੀਆ ਸੰਘੀ ਸੁਧਾਰਾਂ ਦੇ ਸਮਾਨਾਂਤਰ, ਖੋਜ ਅਤੇ ਵਿਕਾਸ ਲਈ ਸਮਰਥਨ ਵਧਾਉਣਾ। ਇਸ ਤੋਂ ਅਗਲੇ ਤਿੰਨ ਸਾਲਾਂ ਵਿੱਚ ਵਾਧੂ ਟੈਕਸ ਸਹਾਇਤਾ ਦੇ ਰੂਪ ਵਿੱਚ $50 ਮਿਲੀਅਨ ਤੋਂ ਵੱਧ ਦੀ ਰਕਮ ਮਿਲਣ ਦਾ ਅਨੁਮਾਨ ਹੈ, ਜਿਸ ਨਾਲ ਲਗਭਗ 700 ਕਾਰੋਬਾਰੀਆਂ ਲਈ ਖੋਜ ਅਤੇ ਵਿਕਾਸ ਦੀ ਲਾਗਤ ਨੂੰ ਘਟਾਉਣ ਵਿੱਚ ਮਦਦ ਮਿਲੇਗੀ।
- ਜ਼ਿੰਮੇਵਾਰ ਵਿੱਤੀ ਪ੍ਰਬੰਧਨ ਅਤੇ ਸਰਕਾਰੀ ਸੁਯੋਗਤਾ ਨੂੰ ਬਿਹਤਰ ਬਣਾਉਣ, ਨਿਗਰਾਨੀ ਨੂੰ ਮਜ਼ਬੂਤ ਕਰਨ ਅਤੇ ਪ੍ਰਬੰਧਕੀ ਬੋਝ ਘਟਾਉਣ ਲਈ ਚੱਲ ਰਹੇ ਯਤਨਾਂ ਰਾਹੀਂ ਟੈਕਸਦਾਤਾਵਾਂ ਦੇ ਡਾਲਰਾਂ ਦਾ ਸਤਿਕਾਰ ਕਰਨਾ। ਸਰਕਾਰੀ ਉਪਾਵਾਂ ਵਿੱਚ ਸੁਯੋਗਤਾਵਾਂ ਦੀ ਪਛਾਣ ਕਰਨ, ਗਲਤੀ, ਬਰਬਾਦੀ, ਦੁਰਵਰਤੋਂ ਅਤੇ ਧੋਖਾਧੜੀ ਨੂੰ ਘਟਾਉਣ, ਅਤੇ ਨਿਵੇਸ਼ ਦੇ ਸਿੱਟਿਆਂ ਨੂੰ ਬਿਹਤਰ ਬਣਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਰੋਤ ਓਨਟੈਰੀਓ ਦੇ ਪਰਿਵਾਰਾਂ ਅਤੇ ਕਾਰੋਬਾਰੀਆਂ ਲਈ ਉੱਚ-ਗੁਣਵੱਤਾ ਵਾਲੀਆਂ ਜਨਤਕ ਸੇਵਾਵਾਂ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਹਨ, ਤਰਜੀਹੀ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਸਮੀਖਿਆ ਕਰਨਾ ਸ਼ਾਮਲ ਹੈ।

- ਓਨਟੈਰੀਓ ਕੰਪਿਊਟਰ ਐਨੀਮੇਸ਼ਨ ਅਤੇ ਸਪੈਸ਼ਲ ਇਫੈਕਟਸ (Ontario Computer Animation and Special Effects - OCASE) ਟੈਕਸ ਕ੍ਰੈਡਿਟ ਲਈ ਯੋਗਤਾ ਨੂੰ ਅਪਡੇਟ ਕਰਨ ਦਾ ਪ੍ਰਸਤਾਵ ਦੇ ਕੇ ਓਨਟੈਰੀਓ ਦੇ ਫ਼ਿਲਮ ਅਤੇ ਟੈਲੀਵਿਜ਼ਨ ਸੈਕਟਰ ਦਾ ਸਮਰਥਨ ਕਰਨਾ। 18 ਪ੍ਰਤੀਸ਼ਤ ਭੁਗਤਾਨ ਵਾਪਸੀਯੋਗ ਕਾਰਪੋਰੇਟ ਇਨਕਮ ਟੈਕਸ ਕ੍ਰੈਡਿਟ ਤੱਕ ਸਹਾਇਤਾ ਨੂੰ ਸੁਚਾਰੂ ਬਣਾਉਣ ਅਤੇ ਪਹੁੰਚ ਨੂੰ ਸਰਲ ਬਣਾਉਣ ਲਈ, ਸਰਕਾਰ ਇਸ ਕ੍ਰੈਡਿਟ ਲਈ ਯੋਗਤਾ ਨੂੰ ਸਿਰਫ਼ ਫ਼ਿਲਮ ਅਤੇ ਟੈਲੀਵਿਜ਼ਨ ਨਿਰਮਾਤਾਵਾਂ ਵਿੱਚ ਤਬਦੀਲ ਕਰਨ ਦਾ ਪ੍ਰਸਤਾਵ ਰੱਖ ਰਹੀ ਹੈ। ਇਹ ਪ੍ਰਸਤਾਵਿਤ ਪਹੁੰਚ ਹੋਰ ਕੈਨੇਡੀਅਨ ਅਧਿਕਾਰ-ਖੇਤਰਾਂ ਵਿੱਚ ਯੋਗਤਾ ਨਾਲ ਵਧੇਰੇ ਨੇੜਿਓਂ ਮੇਲ ਖਾਂਦੀ ਹੋਵੇਗੀ ਅਤੇ ਓਨਟੈਰੀਓ ਵਿੱਚ ਵਿਸ਼ੇਸ਼ ਪ੍ਰਭਾਵਾਂ ਅਤੇ ਐਨੀਮੇਸ਼ਨ ਗਤੀਵਿਧੀ ਦਾ ਸਮਰਥਨ ਕਰਨਾ ਜਾਰੀ ਰੱਖੇਗੀ।

ਤੇਜ਼ ਤੱਥ

- ਚੱਲ ਰਹੀ ਆਰਥਿਕ ਅਨਿਸ਼ਚਿਤਤਾ ਦੇ ਬਾਵਜੂਦ, ਓਨਟੈਰੀਓ ਦੀ ਆਰਥਿਕਤਾ ਦੇ ਵਧਦੇ ਰਹਿਣ ਦੀ ਉਮੀਦ ਹੈ, ਅਸਲ ਕੁੱਲ ਘਰੇਲੂ ਉਤਪਾਦ (GDP) 2026 ਵਿੱਚ 0.5 ਪ੍ਰਤੀਸ਼ਤ ਅਤੇ 2027 ਵਿੱਚ 1.5 ਪ੍ਰਤੀਸ਼ਤ ਵਧਣ ਦਾ ਅਨੁਮਾਨ ਹੈ।
- ਓਨਟੈਰੀਓ ਦੀ ਵਿੱਤੀ ਯੋਜਨਾ ਵਿੱਚ ਦ੍ਰਿੜ੍ਹਤਾ ਬਣਾਈ ਰੱਖਣ ਅਤੇ ਚੁਣੌਤੀਪੂਰਨ ਆਰਥਿਕ ਸਥਿਤੀਆਂ ਦਾ ਜਵਾਬ ਦੇਣ ਲਈ ਵਾਧੂ ਸਮਝਦਾਰੀ ਵਰਤੀ ਗਈ ਹੈ। 2029-30 ਵਿੱਚ ਸੰਤੁਲਨ ਵਾਪਸ ਹਾਸਲ ਕਰਨ ਤੋਂ ਪਹਿਲਾਂ ਵਿੱਤੀ ਘਾਟਾ 2026-27 ਵਿੱਚ $16.9 ਬਿਲੀਅਨ, 2027-28 ਵਿੱਚ $12.7 ਅਤੇ 2028-29 ਵਿੱਚ $6.7 ਬਿਲੀਅਨ ਹੋਣ ਦਾ ਅਨੁਮਾਨ ਹੈ।
- ਮੁਕਾਬਲੇਬਾਜ਼ੀ ਅਤੇ ਕਾਢ ਨੂੰ ਮਜ਼ਬੂਤ ਕਰਨ ਲਈ $90 ਮਿਲੀਅਨ ਤੋਂ ਵੱਧ ਦੇ ਨਿਵੇਸ਼ਾਂ ਰਾਹੀਂ ਓਨਟੈਰੀਓ ਦੇ ਜੰਗਲਾਤ ਖੇਤਰ ਦਾ ਸਮਰਥਨ ਕਰਨਾ, ਇਸ ਦੇ ਨਾਲ ਹੀ ਸੂਬੇ ਭਰ ਵਿੱਚ ਲੰਬੇ ਸਮੇਂ ਲਈ ਲੱਕੜ ਦੀ ਵਰਤੋਂ ਨੂੰ ਸੁਰੱਖਿਅਤ ਕਰਨ ਅਤੇ ਵਧਾਉਣ ਵਾਲੇ ਜੰਗਲਾਤ ਬਾਇਓਮਾਸ ਪ੍ਰੋਜੈਕਟਾਂ ਦਾ $86 ਮਿਲੀਅਨ ਤੋਂ ਵੱਧ ਰਕਮ ਰਾਹੀਂ ਸਮਰਥਨ ਕਰਨਾ।
- ਸਮੁੱਚੇ ਦ੍ਰਿਸ਼ਟੀਕੋਣ ਸਮੇਂ ਦੌਰਾਨ ਸ਼ੁੱਧ ਕਰਜ਼ੇ-ਤੋਂ-GDP ਦਾ ਅਨੁਪਾਤ ਸਰਕਾਰ ਦੇ 40 ਪ੍ਰਤੀਸ਼ਤ ਟੀਚੇ ਤੋਂ ਹੇਠਾਂ ਰਹਿਣ ਦੀ ਭਵਿੱਖਬਾਣੀ ਦੇ ਨਾਲ, ਓਨਟੈਰੀਓ ਆਪਣੇ ਕਰਜ਼ੇ ਦੇ ਬੋਝ ਨੂੰ ਸੰਭਾਲਣ ਵਿੱਚ ਪ੍ਰਗਤੀ ਕਰਨਾ ਜਾਰੀ ਰੱਖ ਰਿਹਾ ਹੈ।
- 2026-27 ਵਿੱਚ $12.5 ਬਿਲੀਅਨ ਤੋਂ ਵੱਧ ਸਹਾਇਤਾ ਪ੍ਰਦਾਨ ਕਰਕੇ ਪਰਿਵਾਰਾਂ ਅਤੇ ਵਿਅਕਤੀਆਂ ਲਈ ਲਾਗਤਾਂ ਨੂੰ ਘੱਟ ਰੱਖਣਾ, ਜਿਸ ਵਿੱਚ ਰਿਹਾਇਸ਼, ਸਿੱਖਿਆ, ਪਰਿਵਹਿਨ ਅਤੇ ਢੋਆ-ਢੁਆਈ, ਊਰਜਾ ਦੀ ਪੁੱਗਣਯੋਗਤਾ, ਬੱਚਿਆਂ ਦੀ ਦੇਖਭਾਲ ਅਤੇ ਪਰਿਵਾਰਕ ਲਾਭਾਂ ਵਿੱਚ ਨਿਵੇਸ਼, ਅਤੇ ਕਮਜ਼ੋਰ ਵਰਗਾਂ ਲਈ ਸਹਾਇਤਾਵਾਂ ਸ਼ਾਮਲ ਹਨ।
- ਸਰਕਾਰ ਇਸ ਨਵੰਬਰ ਵਿੱਚ *2027 ਦੇ ਬਜਟ* ਅਤੇ ਓਨਟੈਰੀਓ ਦੀ ਰੱਖਿਆ, ਆਰਥਿਕਤਾ ਨੂੰ ਵਧਾਉਣ, ਮਹੱਤਵਪੂਰਨ ਬੁਨਿਆਦੀ ਢਾਂਚਾ ਬਣਾਉਣ ਅਤੇ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਦੀ ਆਪਣੀ ਯੋਜਨਾ ਦੇ ਅਗਲੇ ਪੜਾਅ ਨੂੰ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਸਲਾਹ-ਮਸ਼ਵਰੇ ਸ਼ੁਰੂ ਕਰੇਗੀ।

ਵਾਧੂ ਸਰੋਤ

2026 ਓਨਟਾਰੀਓ ਆਰਥਿਕ ਦ੍ਰਿਸ਼ਟੀਕੋਣ ਅਤੇ ਵਿੱਤੀ ਸਮੀਖਿਆ - ਓਨਟੈਰੀਓ ਦੀ ਰੱਖਿਆ ਲਈ ਇੱਕ ਯੋਜਨਾ

ਓਨਟੈਰੀਓ ਦੀ ਰੱਖਿਆ ਲਈ ਇੱਕ ਯੋਜਨਾ ਦੀਆਂ ਝਲਕੀਆਂ ਪੜ੍ਹੋ

ਪਿਛੋਕੜ: ਆਰਥਿਕ ਅਤੇ ਵਿੱਤੀ ਸਾਰ ਪੜ੍ਹੋ

2026 ਓਨਟੈਰੀਓ ਬਜਟ: ਓਨਟੈਰੀਓ ਦੀ ਰੱਖਿਆ ਲਈ ਇੱਕ ਯੋਜਨਾ ਨੂੰ ਪੜ੍ਹੋ

ਮੀਡੀਆ ਸੰਪਰਕ

Sarah Chapin
ਮੰਤਰੀ Bethlenfalvy ਦਾ ਦਫ਼ਤਰ
Sarah.Chapin@ontario.ca

Scott Blodgett
ਸੰਚਾਰ ਸ਼ਾਖਾ
Scott.Blodgett@ontario.ca

news.ontario.ca/mof/en
Disponible en français